# ਕਰਾਫਟ

## ਯੂਨਿਟ 1 ਚੈਂਪੀਅਨ

### ਪਿਆਰ ਨਾਲ ਭਰਿਆ ਹੋਇਆ ਦਿਲ



ਸਮੱਗਰੀ

- ਦੋਵਾਂ ਪਾਸਿਆਂ ਤੇ ਛਾਪੇ ਗਏ ਦਿਲ ਦੇ ਡਿਜ਼ਾਈਨ ਦੇ ਨਾਲ ਪੇਪਰ ਜਾਂ ਕਾਰਡਸਟੋਕ (1 ਹਰੇਕ ਬੱਚੇ ਲਈ ਦਿਲ ਦਾ ਚੱਕਰ)
- ਕਰਲੀ ਰਿਬਨ (ਹਰੇਕ ਬੱਚੇ ਲਈ 1)
- ਔਪਸ਼ਨਲ: ਕ੍ਰੈਅਨ, ਰੰਗੀਨ ਪੈਨਸਿਲਸ, ਜਾਂ ਮਾਰਕਰਸ

ਨਿਰਦੇਸ਼

1. ਸਰਕਲ ਕੱਟੋ। ਕਟਰ ਦੀ ਮਦਦ ਨਾਲ ਸਰਕਲ ਦੇ ਆਸੇ ਪਾਸੇ ਮੋਰੀਆਂ ਕਰ ਦਿਓ।
2. ਦੋਨੋ ਸਾਇਡ ਤੇ ਦਿਲ ਦੇ ਨਿਸ਼ਾਨ ਬਣਾਓ।
3. ਰੀਬਨ ਨੂੰ ਮੋਰੀਆਂ ਵਿਚੋਂ ਦੀ ਕੱਢ ਕੇ ਬੰਨ ਦਿਓ।





20307
Crafts Champions 1

## ਖ਼ੁਸ਼ੀ ਵਾਲਾ ਸ਼ੇਕਰ




ਸਮੱਗਰੀ

- ਛੋਟੇ ਪਲਾਸਟਿਕ ਦੇ ਕੱਪ (ਹਰ ਬੱਚੇ ਲਈ 2)
- ਰੰਗੇ ਹੋਏ ਚੌਲਾਂ ਦਾ ਇੱਕ ਚਮਚ, ਸੇਕਿਨਸ ਅਤੇ ਰੇਤ
- ਖ਼ੁਸ਼ੀ ਵਾਲੇ ਸਟੀਕਰ ਦੇ ਨਾਲ ਬਾਈਬਲ ਦੀ ਤੁਕ ਲਓ ਜਾਂ ਫਿਰ

ਸਿੰਪਲ ਕਾਗਜ ਦਾ ਪਤਲਾ ਜਾ ਟੁਕੜਾ ਲਓ, ਉਹ ਵੀ ਬਾਈਬਲ ਦੀ ਤੁਕ ਅਤੇ ਗੂੰਦ ਦੇ ਨਾਲ।

ਨਿਰਦੇਸ਼:

1. ਚੌਲਾਂ ਨਾਲ ਭਰੇ ਹੋਏ ਚਮਚੇ ਨੂੰ ਕੱਪ ਵਿਚ ਪਾਓ।
2. ਕੱਪ ਦਾ ਮੂੰਹ ਬੰਦ ਕਰਨ ਲਈ ਉੱਪਰਲੇ ਪਾਸੇ ਇੱਕ ਹੋਰ ਖਾਲੀ ਕੱਪ ਲਗਾਓ।
3. ਆਪਣੇ ਇੱਕ ਦੋਸਤ ਦੀ ਮਦਦ ਲਓ ਅਤੇ ਦੋਨੇ ਕੱਪਾਂ ਨੂੰ ਉੱਤੇ ਥੱਲੇ ਫੜ ਕੇ ਉਹਨਾਂ ਦੇ ਵਿਚਕਾਰ ਇੱਕ ਸਟੀਕਰ ਲਗਾ ਦਿਓ। ਜੇਕਰ ਇਹ ਸਟੀਕਰ ਦੀ ਬਜਾਏ ਰੈਗੂਲਰ ਪੇਪਰ ਹੈ ਤਾਂ ਕੱਪਾਂ ਨੂੰ ਜੋੜਨ ਲਈ ਸਿਰਫ ਕੱਪ ਦੇ ਆਸੇ ਪਾਸੇ ਤੇ ਗੂੰਦ ਲਾਓ।

ਔਪਸ਼ਨਲ: ਤਾਲ ਯੰਤਰ ਦੀ ਤਰ੍ਹਾਂ ਸ਼ੇਕਰ ਨੂੰ ਹਿਲਾਉਂਦੇ ਹੋਏ ਇਕੱਠੇ ਗੀਤ ਗਾਓ। ਬੱਚਿਆਂ ਨੂੰ ਸਿਖਾਓ ਕਿ ਉਸ ਸਮੇਂ ਤੱਕ ਉਹ ਸ਼ੇਕਰ ਨੂੰ ਬਿਨਾ ਹਿਲਾਏ ਫੜ ਕੇ ਰੱਖਣ ਜਦੋਂ ਤੱਕ ਉਚਿਤ ਸਮਾਂ ਨਹੀਂ ਹੋ ਜਾਂਦਾ।

ਰੰਗੇ ਹੋਏ ਚਾਵਲ:

ਚੌਲਾਂ ਦੇ ਭਰੇ 1 ਕੱਪ ਨੂੰ ਹਿਲਾਓ, ਭੋਜਣ ਰੰਗਣ ਵਾਲੀਆਂ 2-3 ਬੂੰਦਾਂ ਪਾਓ, ਅਤੇ ਮਿਲ ਕੇ 1 ਜਾਂ 2 ਚਮਚੇ ਸ਼ਰਾਬ ਨੂੰ ਮਿਕਸ ਕਰੋ ਜਦੋਂ ਤੱਕ ਕਿ ਸਾਰਾ ਰੰਗ ਚੌਲਾਂ ਤੇ ਚੜ੍ਹ ਨਹੀਂ ਜਾਂਦਾ। ਚੌਲਾਂ ਨੂੰ ਤੌਲੀਏ ਤੇ ਚੰਗੀ ਤਰ੍ਹਾਂ ਸੁੱਕਣ ਲਈ ਪਾ ਦਿਓ।



Choose between the full-color and less color patterns.

## ਸ਼ਾਂਤੀ ਪੂਰਨ ਬੱਤਖ਼




ਸਮੱਗਰੀ

- ਬੱਤਖ਼ ਦੀ ਬਾਡੀ (ਹਰ ਬੱਚੇ ਲਈ 1)
- ਬੱਤਖ਼ ਦੇ ਫੰਗ (ਹਰ ਬੱਚੇ ਲਈ 1)
- ਕਰਲੀ ਰਿਬਨ(ਹਰ ਬੱਚੇ ਲਈ 1)
- ਪਲਾਸਟਿਕ ਦੀਆਂ ਅੱਖਾਂ (ਹਰ ਬੱਚੇ ਲਈ 1)

ਔਪਸ਼ਨਲ: ਕ੍ਰੈਅਨ, ਮਾਰਕਰਸ, ਅਤੇ ਰੰਗੀਨ ਪੈਨਸਿਲਸ




ਨਿਰਦੇਸ਼

1. ਰੰਗ ਕਰੋ ਅਤੇ ਬੱਤਖ਼ ਦੀ ਬਾਡੀ ਅਤੇ ਬੱਤਖ਼ ਦੇ ਫੰਗਾਂ ਨੂੰ ਕੱਟ ਦਿਓ। ਮੋਰੀਆਂ ਕਰਨੀਆਂ ਨਾਂ ਭੁੱਲੋ। ਕਾਗਜ ਦੀ ਬਾਡੀ ਵਿਚ ਮੋਰੀ ਕਰਨ ਲਈ ਕਟਰ ਜਾਂ ਕਿਸੇ ਤਿੱਖੀ ਚੀਜ਼ ਦੀ ਵਰਤੋਂ ਕਰੋ ਅਤੇ ਦੋ ਸੁਰਾਖ ਫੰਗਾਂ ਵਿਚ ਕਰੋ। ਕਾਗਜ਼ ਦੀ ਬਾਡੀ ਤੇ ਆਪਣਾ ਨਾਮ ਲਿਖ ਦਿਓ।
2. ਅੱਖਾਂ ਨੂੰ ਕਾਗਜ ਦੀ ਬਾਡੀ ਦੇ ਅਗਲੇ ਹਿੱਸੇ ਤੇ ਗੂੰਦ ਨਾਲ ਚਿਪਕਾ ਦਿਓ।
3. ਫੰਗਾਂ ਦੇ ਉੱਪਰ ਬਣੀ ਮੋਰੀ ਨੂੰ ਬੱਤਖ਼ ਦੀ ਬਾਡੀ 'ਚ ਬਣੀ ਮੋਰੀ ਦੇ ਬਰਾਬਰ ਕਰ ਦਿਓ। ਔਪਸ਼ਨਲ: ਫੰਗਾਂ ਨੂੰ ਆਪਣੀ ਥਾਂ ਤੇ ਗੂੰਦ ਨਾਲ ਚਿਪਕਾ ਵੀ ਸਕਦੇ ਹੋ।
4. ਕਰਲੀ ਰਿਬਨ ਨੂੰ ਪਹਿਲਾਂ ਇੱਕ ਫੰਗ ਉੱਪਰ ਬਣੀ ਮੋਰੀ ਵਿਚੋਂ ਦੀ ਟਪਾਓ, ਫਿਰ ਬੱਤਖ਼ ਦੀ ਬਾਡੀ ਵਿੱਚ ਬਣੀ ਮੋਰੀ ਵਿਚੋਂ ਦੀ ਟਪਾਓ, ਅਤੇ ਫਿਰ ਦੂਜੇ ਫੰਗ ਹੇਠ ਬਣੀ ਮੋਰੀ ਵਿਚੋਂ ਦੀ ਟਪਾਓ। ਰਿਬਨ ਦੇ ਦੋਨਾਂ ਸਿਰਿਆਂ ਨੂੰ ਗੰਢ ਪਾ ਦਿਓ ਤਾਂ ਜੋ ਇੱਕ ਕੁੰਡਲੀ ਜਿਹੀ ਬਣ ਜਾਵੇ।

